# PC–1188/MH

**AS–2051**

ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)–VII (b)

(Semester–II)

Time : Three Hours] [Maximum Marks : 75

**ਭਾਗ–ੳ**

I. (ੳ) ਦੋ ਜਾਂ ਤਿੰਨ ਅੱਖਰਾਂ ਵਾਲੇ ਕੋਈ ਪੰਜ ਸ਼ਬਦ ਲਿਖੋ।

(ਅ) ਚਾਰ ਜਾਂ ਵਧ ਅੱਖਰਾਂ ਵਾਲੇ ਕੋਈ ਪੰਜ ਸ਼ਬਦ ਲਿਖੋ।

(ੲ) ਹੇਠ ਲਿਖੇ ਸ਼ਬਦਾਂ ਵਿਚੋਂ ਕਿਸੇ *ਪੰਜ* ਦੇ ਸ਼ਬਦ-ਜੋੜ ਸ਼ੁੱਧ ਕਰਕੇ ਲਿਖੋ :

ਆਯਾ, ਸੇਹਤ, ਦੁਸੈਰਾ, ਵੋਹਟੀ, ਪੋਜੀ, ਵੇਹੜਾ, ਛੈਹਰ।

5+5+5=15

II. (ੳ) ਹੇਠ ਲਿਖੇ ਵਾਕਾਂ ਵਿਚੋਂ ਕੋਈ *ਪੰਜ* ਨਾਂਵ ਅਤੇ *ਪੰਜ* ਕਿਰਿਆ ਸ਼ਬਦ ਵੱਖ ਕਰੋ :

1. ਕਾਂ ਪਾਣੀ ਪੀ ਰਿਹਾ ਸੀ।

2. ਸੋਨੀਆ ਨੇ ਪੱਤਰ ਲਿਖਿਆ।

3. ਪਿਤਾ ਜੀ ਕੱਲ੍ਹ ਪਿੰਡ ਜਾਣਗੇ।

4. ਵਪਾਰੀ ਸ਼ਹਿਰ ਤੋਂ ਸਮਾਨ ਲਿਆਉਂਦਾ ਹੈ।

5. ਰੁੱਖ ਦੀ ਛਾਂ ਹੇਠਾਂ ਬੈਠੋ!

6. ਬੱਚੇ ਪਾਰਕ ਵਿਚ ਖੇਡ ਰਹੇ ਸਨ।

(ਅ) ਹੇਠ ਲਿਖੇ ਇਸਤਰੀ ਲਿੰਗ ਸ਼ਬਦਾਂ ਵਿਚੋਂ ਕਿਸੇ *ਪੰਜ* ਦੇ ਪੁਲਿੰਗ ਰੂਪ ਲਿਖੋ :

ਨੌਕਰਾਣੀ, ਦੇਵੀ, ਨਾਇਣ, ਲੁਟੇਰਨ, ਭਤੀਜੀ, ਸੱਸ, ਮੁਟਿਆਰ, ਪਤੀਲੀ। 5+5=10

## ਭਾਗ–ਅ

III. (ੳ) ਹੇਠ ਲਿਖੇ ਸ਼ਬਦਾਂ ਵਿਚੋਂ ਕਿਸੇ *ਪੰਜ* ਦੇ ਅਗੇਤਰ ਵੱਖ ਕਰਕੇ ਲਿਖੋ :

ਅਣਗਹਿਲੀ, ਸਵੈਜੀਵਨੀ, ਕਮਜ਼ੋਰ, ਦੁਰਲੱਭ, ਪਰਦੇਸ, ਪੜਦਾਦਾ, ਬੇਈਮਾਨ।

(ਅ) ਹੇਠ ਲਿਖੇ ਵਾਕਾਂ ਵਿਚੋਂ ਕੋਈ *ਪੰਜ* ਵਾਕੰਸ਼ ਵੱਖ ਕਰਕੇ ਲਿਖੋ :

1. ਸਾਡੇ ਕਾਲਜ ਦੀ ਟੀਮ ਫੁਟਬਾਲ ਦਾ ਮੈਚ ਜਿੱਤ ਗਈ।

2. ਨਿੱਕੇ-ਨਿੱਕੇ ਬੱਚੇ ਸਫਾਈ ਕਰ ਰਹੇ ਹਨ।

3. ਪੱਕਾ ਅੰਬ ਥੱਲੇ ਡਿੱਗ ਪਿਆ।

4. ਪੁਰਾਣੇ ਰੁੱਖਾਂ ਦੀਆਂ ਜੜ੍ਹਾਂ ਡੂੰਘੀਆਂ ਹਨ।

5. ਹਿਰਨ ਦਾ ਬੱਚਾ ਹਰਾ ਘਾਹ ਚਰ ਰਿਹਾ ਹੈ।

6. ਗਰਮੀ ਦਾ ਮੌਸਮ ਆਉਣ ਵਾਲਾ ਹੈ।

5+5=10

IV. ਹੇਠ ਲਿਖੇ ਪੈਰ੍ਹੇ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ :

ਹੁਣ ਮੈਂ ਜਾਵਾਂ ... ਆਪਣੇ ਗੁੱਸੇ ਤੇ ਕਾਬੂ ਰੱਖਦਿਆਂ ਉਸ ਨੇ ਪੁੱਛਿਆ ਮਾਲਕਣ ਨੇ ਆਪਣਾ ਪਰਸ ਖੋਲ੍ਹਿਆ ਤੇ ਦਸਾਂ-ਦਸਾਂ ਦੇ ਪੰਜਾਹ ਨੋਟ ਉਸ ਵਲ ਵਧਾ ਦਿੱਤੇ ਉਸ ਨੇ ਨੋਟ ਗਿਣੇ ਫਤੂਹੀ ਦੀ ਅੰਦਰਲੀ ਜੇਬ ਵਿਚ ਪੈਸੇ ਪਾ ਲਏ ਸਾਰੀ ਥਕਾਵਟ ਇਕ ਪਲ 'ਚ ਭੁੱਲ ਗਿਆ ਉਹ ਬੋਲੀ ਪੁੱਤ ਇਕ ਕੰਮ ਤਾਂ ਰਹਿ ਹੀ ਚੱਲਿਆ ਸੀ ਜਾਂਦਿਆਂ-ਜਾਂਦਿਆਂ ਕਮਰੇ ਦੀਆਂ ਖਿੜਕੀਆਂ ਵੀ ਬੰਦ ਕਰ ਦੇ ਖਿੜਕੀਆਂ ਬੰਦ ਕਰਕੇ ਉਹ ਸਾਈਕਲ ਤੇ ਚੜ੍ਹਿਆ ਤਾਂ ਅੱਗੋਂ ਬਜ਼ਾਰ ਬੰਦ ਸੀ 10

## ਭਾਗ–ੲ

V. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ *ਪੰਦਰਾਂ* ਦੇ ਸੰਖੇਪ ਉੱਤਰ ਦਿਓ :

1. 'ਸ' ਅਤੇ 'ਬ' ਅੱਖਰਾਂ ਨੂੰ ਸ਼ੁਰੂ ਵਿਚ ਰੱਖ ਕੇ ਦੋ–ਦੋ ਸ਼ਬਦ ਬਣਾਓ।
2. 'ਬਹਾਦਰ' ਤੇ 'ਪਵਿੱਤਰ' ਸ਼ਬਦਾਂ ਨੂੰ ਵਾਕਾਂ ਵਿਚ ਵਰਤੋ।
3. ਇਕੱਠ ਵਾਚਕ ਅਤੇ ਵਸਤੂ ਵਾਚਕ ਨਾਂਵ ਦੀਆਂ ਦੋ–ਦੋ ਉਦਾਹਰਣਾਂ ਦਿਓ।
4. ਕੋਈ ਚਾਰ ਪੜਨਾਂਵ ਸ਼ਬਦ ਲਿਖੋ।
5. ਕੋਈ ਚਾਰ ਵਿਸ਼ੇਸ਼ਣ ਲਿਖੋ।
6. ਕੋਈ ਚਾਰ ਕਿਰਿਆ ਸ਼ਬਦ ਲਿਖੋ।
7. ਕਿਰਿਆ ਵਿਸ਼ੇਸ਼ਣ ਦੀ ਵਰਤੋਂ ਵਾਲੇ ਦੋ ਵਾਕ ਲਿਖੋ।
8. ਮਾਤਾ ਜੀ ਨੂੰ ਇਹ ਸੂਟ ਪਸੰਦ ਆਇਆ।
   (ਵਾਕ ਨੂੰ ਭਵਿੱਖਤ ਕਾਲ ਵਿਚ ਬਦਲੋ)
9. 'ਛਾਂ' ਅਤੇ 'ਵਸਤੂ' ਸ਼ਬਦਾਂ ਦੇ ਬਹੁਵਚਨ ਲਿਖੋ।
10. 'ਹਾਰ' ਅਤੇ 'ਕਾਰ' ਪਿਛੇਤਰ ਲਗਾ ਕੇ ਦੋ–ਦੋ ਸ਼ਬਦ ਬਣਾਓ।
11. ਬੱਚੇ ਖੇਡਦੀਆਂ ਹਨ।
    (ਪੰਜਾਬੀ ਮੇਲ ਅਨੁਸਾਰ ਵਾਕ ਠੀਕ ਕਰੋ)

12. ਦੋ ਸਮਾਸੀ ਸ਼ਬਦ ਲਿਖੋ।

13. ਦੋ ਦੁਹਰੁਕਤੀਆਂ ਲਿਖੋ।

14. ਜੇ ਤੁਸੀਂ ਬੁਲਾਉਗੇ ਤਾਂ ਅਸੀਂ ਜ਼ਰੂਰ ਆਵਾਂਗੇ।
(ਉਪਵਾਕ ਅਲੱਗ ਕਰੋ)

15. ਦੋ ਆਗਿਆਵਾਚੀ ਵਾਕ ਲਿਖੋ।

16. ਦੋ ਪ੍ਰਸ਼ਨਵਾਚਕ ਵਾਕ ਲਿਖੋ।

17. ਕੋਈ ਦੋ ਨਾਂਵ-ਵਾਕੰਸ਼ ਲਿਖੋ।

18. ਕਿਸੇ ਚਾਰ ਵਿਸ਼ਰਾਮ ਚਿੰਨ੍ਹਾਂ ਦੇ ਨਾਂ ਲਿਖੋ।

$15 \times 2 = 30$